# ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

## www.chandigarh.gov.in

## ਪ੍ਰੈਸ ਨੋਟ

ਚੰਡੀਗੜ੍ਹ, 30 ਅਗਸਤ :-ਪੰਜਾਬ ਦੇ ਰਾਜ਼ਪਾਲ ਅਤੇ ਚੰਡੀਗੜ੍ਹ ਪ੍ਰਸ਼ਾਸਕ ਸ਼੍ਰੀ ਸ਼ਿਵਰਾਜ਼ ਵੀ. ਪਾਟਿਲ ਨੇ ਚੰਡੀਗੜ੍ਹ ਵਿਚ ਸਿਹਤ ਸੁਵਿਧਾਵਾਂ ਦੇ ਸੁਧਾਰ ਲਈ ਕੇਂਦਰ ਤੋਂ ਉਦਾਰਵਾਦੀ ਰਵੱਈਆ ਵਰਤਣ ਦੀ ਬੇਨਤੀ ਕੀਤੀ ਹੈ। ਸ਼੍ਰੀ ਪਾਟਿਲ ਨੇ ਨਵੀਂ ਦਿੱਲੀ ਵਿਚ ਹੋਈ ਸਿਹਤ ਅਤੇ ਪਰਿਵਾਰ ਭਲਾਈ ਕੌਂਸਲ ਦੀ 11ਵੀਂ ਕਾਨਫਰੰਸ ਸੰਬੋਧਤ ਕਰ ਰਹੇ ਸਨ।

ਇਸ ਮੌਕੇ ਬੋਲਦੇ ਹੋਏ ਸ਼੍ਰੀ ਪਾਟਿਲ ਨੇ ਕਿਹਾ ਕਿ ਚੰਡੀਗੜ੍ਹ ਨਾ ਕੇਵਲ ਆਪਣੇ ਨਿਵਾਸੀਆਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੇ ਨਾਲ ਨਾਲ ਚੰਡੀਗੜ੍ਹ ਤਿੰਨ ਰਾਜ਼ਾਂ ਪੰਜ਼ਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੀਆਂ ਚਕਿਤਸਾ ਸੰਬੰਧੀ ਜਰੂਰਤਾਂ ਨੂੰ ਵੀ ਪੂਰਾ ਕਰ ਰਿਹਾ ਹੈ। ਇਸ ਨਾਲ ਸਾਡੀਆਂ ਸਿਹਤ ਸੇਵਾਵਾਂ ਤੇ ਵਾਧੂ ਭਾਰ ਪੈਂਦਾ ਹੈ। ਉਹਨਾਂ ਨੇ ਕਿਹਾ ਕਿ ਸਾਲ 2009 -10 ਵਿਚ ਚੰਡੀਗੜ੍ਹ ਦੇ ਸਰਕਾਰੀ ਸਿਹਤ ਸੰਸਥਾਨਾਂ ਵਿਚ 30 ਲੱਖ ਤੋਂ ਅਧਿਕ ਓਪੀਡੀਆਂ ਸਨ। ਉਹਨਾਂ ਨੇ ਕਿਹਾ ਕਿ ਚੰਡੀਗੜ੍ਹ ਵਿਚ ਬੁਨਿਆਦੀ ਸਿਹਤ ਸਹੂਲਤਾਂ ਅਤੇ ਕਰਮਚਾਰੀਆਂ ਤੇ ਵੱਧਦੇ ਦਬਾਅ ਦੇ ਬਾਵਜੂਦ ਸਿਹਤ ਘਾਤ ਨੇ ਪਿਛਲੇ ਸਾਲਾਂ ਵਿਚ ਕਾਫੀ ਬਿਹਤਰ ਨਤੀਜ਼ੇ ਪ੍ਰਾਪਤ ਕੀਤੇ ਹਨ। ਸ਼੍ਰੀ ਪਾਟਿਲ ਨੇ ਕਿਹਾ ਕਿ ਆਈ.ਐਮ.ਆਰ-53, ਐਮਐਮਆਰ-254 ਅਤੇ ਟੀਐਫਆਰ-27 ਦੇ ਰਾਸ਼ਟਰੀ ਅੰਕੜਿਆਂ ਦੇ ਮੁਕਾਬਲੇ ਚੰਡੀਗੜ੍ਹ ਵਿਚ ਆਈ.ਐਮ.ਆਰ-28, ਐਮਐਮਆਰ-44 ਅਤੇ ਟੀਐਫਆਰ-2.1 ਰਿਹਾ ਹੈ।

ਸ਼੍ਰੀ ਪਾਟਿਲ ਨੇ ਚੰਡੀਗੜ੍ਹ ਪ੍ਰਸ਼ਾਸਨ ਦੁਆਰਾ ਸਿਹਤ ਸਹੂਲਤਾਂ ਵਿਚ ਵਾਧਾ ਕਰਨ ਲਈ ਉਠਾਏ ਗਏ ਭਿੰਨ ਭਿੰਨ ਕਦਮਾਂ ਦਾ ਵੀ ਬਿਉਰਾ ਦਿੱਤਾ। ਇਸ ਵਿਚ ਸਕੂਲ ਸਿਹਤ ਯੋਜਨਾ ਦੀ ਮਜ਼ਬੂਤੀ, ਯੋਜਨਾ ਨੂੰ ਮਦਰਸੋ ਤੱਕ ਵਿਸਤਾਰ, ਆਙਨਵਾੜੀਆਂ ਵਿਚ ਸਿਹਤ ਸੁਵਿਧਾਵਾਂ ਵਿਚ ਸੁਧਾਰ, ਨਸ਼ਾ ਮੁਕਤੀ ਅਤੇ ਉਪਚਾਰ ਕੇਂਦਰਾਂ ਦੀ ਸਥਾਪਨਾ ਅਤੇ ਰਾਸ਼ਟਰੀ ਸਿਹਤ ਬੀਮਾ ਯੋਜਨਾ ਦਾ ਸੰਚਾਲਨ ਸ਼ਾਮਿਲ ਹੈ। ਸ਼੍ਰੀ ਪਾਟਿਲ ਨੇ ਕੇਂਦਰੀ ਸਿਹਤ ਮੰਤਰੀ ਨੂੰ ਦੱਸਿਆ ਕਿ ਚੰਡੀਗੜ੍ਹ ਪ੍ਰਸ਼ਾਸਨ ਕੇਂਦਰ ਸਰਕਾਰ ਦੇ ਸਹਿਯੋਗ ਨਾਲ ਮੌਜੂਦਾ ਸਿਹਤ ਸਹੂਲਤਾਂ ਵਿਚ ਵਾਧਾ ਕਰਨ ਦਾ ਯਤਨ ਕਰ ਰਿਹਾ ਹੈ। ਇਸ ਸਾਲ ਗੌਰਮਿੰਟ ਮਲਟੀ ਸਪੈਸ਼ਿਲਟੀ ਹਸਪਤਾਲ ਸੈਕਟਰ 16 ਵਿਚ ਨਵਾਂ ਓਪੀਡੀ ਬਲਾਕ ਸ਼ੁਰੂ ਹੋ ਜਾਵੇਗਾ। ਗੌਰਮਿੰਟ ਮੈਡੀਕਲ ਕਾਲਜ਼ ਅਤੇ ਹਸਪਤਾਲ ਵਿਚ ਵੀ ਨਵਾਂ ਬਲਾਕ ਪੂਰਾ ਹੋ ਜਾਵੇਗਾ। ਹਲਾਂਕਿ ਨਿਕਟਵਰਤੀ ਰਾਜ਼ਾਂ ਵਿਚ ਵੱਧਦੀ ਰੋਗੀਆਂ ਦੀ ਸੰਖਿਆ ਨਾਲ ਨਿਪਟਣ ਦੇ ਲਈ ਇਹ ਪੂਰੀ ਤਰ੍ਹਾਂ ਤਿਆਰ ਨਹੀਂ ਹੈ। ਉਹਨਾਂ ਨੇ ਕਰਮਚਾਰੀਆਂ, ਉਪਕਰਨਾਂ ਅਤੇ ਭੌਤਿਕ ਢਾਂਚੇ ਸੰਬੰਧੀ ਸਿਹਤ ਜਰੂਰਤਾਂ ਵਿਚ ਵੱਧ ਰਹੇ ਅੰਤਰਾਲ ਤੇ ਆਪਣੀ ਚਿੰਤਾ ਜਤਾਈ।

ਕਰਮਚਾਰੀਆਂ ਦੀ ਮਨਜੂਰੀ ਦੀ ਜਰੂਰਤ ਤੇ ਜ਼ੋਰ ਦਿੰਦੇ ਹੋਏ ਸ਼੍ਰੀ ਪਾਟਿਲ ਨੇ ਕਿਹਾ ਕਿ ਚੰਡੀਗੜ੍ਹ ਦੇ ਭਿੰਨ ਭਿੰਨ ਹਸਪਤਾਲਾਂ ਵਿਚ ਕਰਮਚਾਰੀਆਂ, ਡਾਕਟਰਾਂ, ਨਰਸਾਂ ਦੀ ਭਾਰੀ ਕਮੀ ਹੈ। ਹਲਾਂਕਿ ਪਿਛਲੇ ਦਸਾਂ ਸਾਲਾਂ ਦੌਰਾਨ ਸਾਡੀਆਂ ਸਿਹਤ ਸਹੂਲਤਾਂ ਤੇ ਭਾਰ ਵਧਿਆ ਹੈ ਪਰ ਉਸਦੇ ਸਮਕਸ਼ ਕਰਮਚਾਰੀਆਂ ਨੂੰ ਮਨਜੂਰੀ ਨਹੀਂ ਦਿੱਤੀ ਗਈ ਹੈ। ਉਹਨਾਂ ਨੇ ਦੱਸਿਆ ਕਿ ਇਸ ਸੰਬੰਧ ਵਿਚ ਕੇਂਦਰੀ ਸਿਹਤ ਮੰਤਰਾਲੇ ਵਿਚ ਕੋਲ ਬਹੁਤ ਸਾਰੇ ਪ੍ਰਸਤਾਵ ਲੰਬਿਤ ਹਨ। ਉਹਨਾਂ ਨੇ ਭਾਰਤ ਸਰਕਾਰ ਨੂੰ ਕਰਮਚਾਰੀਆਂ ਦੀ ਮਨਜ਼ੂਰੀ ਸੰਬੰਧੀ ਪ੍ਰਸਤਾਵਾਂ ਨੂੰ ਤੇਜ਼ ਕਰਨ ਦੀ ਬੇਨਤੀ ਕੀਤੀ ਹੈ।

ਸਪੈਸ਼ਿਲਟੀ ਆਫ ਗੈ੍ਸਟੋਐਨਟ੍ਰੋਲੋਜ਼ੀ, ਵੈਸਕਿਊਲਰ, ਥੈਰੋਸਿਕ ਸਰਜ਼ਰੀ ਅਤੇ ਯੂਰੋਲੋਜ਼ੀ ਵਿਚ 6 ਪਦਾਂ ਦੇ ਸਿਰਜਣ, ਰੇਡਿਊ ਥੈਰੈਪੀ ਵਿਭਾਗ ਵਿਚ 3 ਪਦ ਅਤੇ ਜ਼ੀਐਮਸੀਐਚ 32 ਵਿਚ ਜੈਨੇਟਿਕ ਲੈੱਬ ਅਤੇ ਐਨੀਸਥੀਸਿਊਲਾਜ਼ੀ ਵਿਭਾਗ ਵਿਚ ਕ੍ਰਮਵਾਰ 6 ਅਤੇ 19 ਪਦਾਂ ਦੇ ਸਿਰਜ਼ਣ ਸੰਬੰਧੀ ਪ੍ਰਸਤਾਵ।

ਜੀਐਮਸੀਐਚ ਵਿਚ ਸੀਨੀਅਰ ਰੈਜ਼ੀਡੈਂਟੋ ਦੇ 13 ਪਦਾਂ ਅਤੇ ਨਰਸਾਂ ਅਤੇ ਤਕਨੀਕੀ ਕਰਮਚਾਰੀਆਂ ਦੇ 657 ਪਦਾਂ ਨੂੰ ਸਿਰਜ਼ਣ ਸਬੰਧੀ ਪ੍ਰਸਤਾਵ।

ਗੋਰਮਿੰਟ ਮਲਟੀ ਸਪੈਸ਼ਿਲਟੀ ਹਸਪਤਾਲ ਸੈਕਟਰ 16 ਵਿਚ ਡਾਕਟਰਾਂ ਦੇ 105 ਪਦਾਂ ਅਤੇ ਪੈਰਾ ਮੈਡੀਕਲ ਕਰਮਚਾਰੀਆਂ ਦੇ 533 ਪਦਾਂ ਨੂੰ ਸਿਰਜਣ ਦਾ ਪ੍ਰਸਤਾਵ।

ਉਹਨਾਂ ਨੇ ਜ਼ੋਰ ਦੇ ਕੇ ਕਿਹਾ ਕਿ ਸਾਰੇ ਸੈਕਟਰ ਵਿਸ਼ੇਸ਼ਕਰਕੇ ਦੱਖਣੀ ਸੈਕਟਰਾਂ ਵਿਚ ਅਤੀਰਿਕਤ ਔਸ਼ਧੀਆਂ ਦੀ ਸਥਾਪਨਾ ਦੀ ਜਰੂਰਤ ਹੈ। ਮੌਜੂਦਾ ਪੀਐਚਸੀ ਅਤੇ ਸੀਐਚਸੀ ਦੇ ਵਿਕਾਸ, ਗੌਰਮਿੰਟ ਮਲਟੀ ਸਪੈਸਲਿਟੀ ਹਸਪਤਾਲ ਸੈਕਟਰ 16 ਵਿਚ ਨਵੇਂ ਬਲਾਕਾਂ ਕੀ ਸਥਾਪਨਾ ਜਿਵੇਂ ਪੈਡੀਏਟ੍ਰਿਕ ਬਲਾਕ, ਗਾਈਨੀ ਬਲਾਕ ਅਤੇ ਪ੍ਰਸ਼ਾਸਨਿਕ ਬਲਾਕ ਦੀ ਸਥਾਪਨਾ ਅਤੇ ਦੱਖਣੀ ਸੈਕਟਰਾਂ ਵਿਚ ਇਸ ਤਰ੍ਹਾਂ ਦੇ ਹਸਪਤਾਲ ਦੇ ਸਮਾਨ ਇੱਕ ਹੋਰ ਹਸਪਤਾਲ ਦੀ ਸਥਾਪਨਾ ਲਈ ਕੇਂਦਰ ਤੋਂ ਸਹਾਇਤਾ ਦੀ ਬੇਨਤੀ ਕੀਤੀ ਹੈ।

ਜੀਐਮਸੀਐਚ 32 ਵਿਚ 300 ਬੈੱਡ ਨਾਲ ਯੁਕਤ ਮਲਟੀ ਸਪੈਸ਼ਿਲਟੀ ਟ੍ਰਾਮਾ ਸੈਂਟਰ ਦੀ ਸਥਾਪਨਾ, ਜੀਐਮਸੀਐਚ 32 ਵਿਚ ਸਹੂਲਤਾਂ ਵਿਚ ਵਾਧਾ, 100 ਬੈੱਡਾਂ ਨਾਲ ਯੁਕਤ ਮੈਟਰਨੀਟੀ ਹਸਪਤਾਲ ਦੀ ਸਥਾਪਨਾ, ਆਯੂਸ਼ ਦੇ ਲਈ 30 ਬੈੱਡ ਦੀ ਆਂਤਰਿਕ ਸੁਵਿਧਾ ਦੀ ਸਥਾਪਨਾ ਅਤੇ ਕੈਂਸਰ ਉਪਚਾਰ ਇਕਾਈ ਦੀ ਸਥਾਪਨਾ ਦੇ ਲਈ ਭਾਰਤ ਸਰਕਾਰ ਤੋਂ ਉਦਾਰਵਾਦੀ ਵਿੱਤੀ ਸਹਾਇਤਾ ਦੇਣ ਦੀ ਬੇਨਤੀ ਕੀਤੀ ਹੈ।